**Parakh**
Research Journal Deptt. of Punjabi
Language & Literature
Lahore College for Women University
Lahore (Pakistan) Vol: 3
July-Dec. 2017, pp5-9

**ਪਾਰਖਿ**
ਪੰਜਾਬੀ ਵਭਿਾਗ ਜਰਨਲ ਆਫ਼ ਪੰਜਾਬੀ
ਭਾਸ਼ਾ ਅਤੇ ਸਾਹਤਿ
ਮਹਲਿਾ ਯੂਨੀਵਰਸਟਿੀ ਲਾਹੌਰ ਕਾਲਜ, ਲਾਹੌਰ
(ਪਾਕਸਿਤਾਨ) ਲਈ: 3, ਜੁਲਾਈ-ਦਸੰਬਰ 2017,
ਪੰਨੇ 5-9

ਕਲਿਆਣ ਸਿੰਘ ਕਲਿਆਣ

# ਨਾਨਕ, ਬਾਹੂ ''ਸਾਂਝੀਵਾਲਤਾ''

## Abstract

ਜੇ ਦੋਵਾਂ ਬਜ਼ੁਰਗਾਂ ਦੇ ਕਲਾਮ ਵਿਚ ਹੋਰ ਗ਼ੌਰ ਵ ਫ਼ਿਕਰ ਤੇ ਤਹਿਕੀਕ ਜਾਰੀ ਰੱਖੀ ਜਾਵੇ ਤਾਂ ਸਾਨੂੰ ਇਸ ਨਤੀਜੇ ਤੇ ਪਹੁੰਚਣ ਵਿਚ ਹਰ ਗਜ਼ ਕੋਈ ਮੁਸ਼ਕਿਲ ਨਹੀਂ ਹੋਵੇਗੀ ਕਿ ਸੂਫ਼ੀ ਤੇ ਦਰਵੇਸ਼ ਅਪਣੀ ਪਸੰਦ ਨਾ ਪਸੰਦ ਅਮਲ ਤੇ ਰਹਿਣ ਸਹਿਣ ਵਿੱਚ ਮੁਸ਼ਤਰਕ ਹੁੰਦੇ ਨੇਂ ਤੇ ਇਨ੍ਹਾਂ ਦੇ ਇਸ ਇਕੇ ਪੰ ਵਿਚ ਨਾ ਦੇਣ ਰੁਕਾਵਟ ਬੰਦਾ ਏ ਨਾ ਜ਼ਮਾਨਾ, ਨਾ ਰੰਗ ਨਸਲ ਰਾਹ ਦਾ ਰੋੜਾ ਬਣਦੀ ਏ ਤੇ ਨਾਂ ਈ ਇਲਾਕੇ। ਦੂਜਿਆਂ ਮਾਅਨਿਆਂ ਵਿਚ ਤਸੱਵੁਫ਼, ਨਸਲਾਂ, ਇਲਾਕਿਆਂ, ਇਲਮਾਂ ਤੇ ਅਕੀਦਿਆਂ ਦੀਆਂ ਹੱਦ ਬੰਦਿਆਂ ਤੋਂ ਆਜ਼ਾਦ ਹੁੰਦਾ ਏ।

ਦੁਨੀਆ ਨਾਮ ਏ ਰੰਗਾ ਰੰਗੀ ਦਾ। ਇਹ ਰੰਗ ਹੀ ਹੁਣ ਜੋ ਨਿਖੇੜ ਪੈਦਾ ਕਰਦੇ ਹੁਣ ਤੇ ਇਹ ਰੰਗ ਹੀ ਏਕਤਾ ਨੂੰ ਜਨਮ ਦਿੰਦੇ ਹੁਣ। ਇਨ੍ਹਾਂ ਰੰਗਾਂ ਵਿੱਚੋਂ ਇੱਕ ਰੰਗ "ਸਾਂਝੀਵਾਲਤਾ" ਦਾ ਏ। ਮਨੁੱਖ ਨੇ ਜਦੋਂ ਤੋਂ ਅੱਖ ਖੋਲੀ ਏ ਉਹ ਹੈਰਤ ਵਿਚ ਗੁੰਮ ਏ, ਉਹਦਾ ਪਹਿਲਾ ਸਵਾਲ ਸੀ ਕਿ ਇਹ ਸੱਭ ਕੀ ਏ? ਇਹ ਸਾਰੀ ਲੀਲਾ ਕਾਹਦੀ ਏ ਤੇ ਕਿਉਂ ਏ? ਇਸ ਹੈਰਤ ਵਿੱਚੋਂ ਬਾਹਰ ਆਉਣ ਵਾਸਤੇ ਉਹਨੇ ਵੱਡੀ ਅਤੇ ਤਾਕਤਵਰ ਸ਼ੈਅ ਨੂੰ ਪ੍ਰਮਾਤਮਾ ਮਨ ਲਿਆ। ਜਦੋਂ ਇਨਸਾਨ ਨੇ ਇਸ ਨੂੰ ਕਾਬੋਕਰ ਲਿਆ ਤਾਂ ਉਸ ਨੇ ਹੋਰ ਵੀ ਖੋਜ ਸ਼ੁਰੂ ਕਰ ਦਿੱਤੀ ਅਤੇ ਅਪਣੀ ਸੋਚ ਨੂੰ ਇਹ ਕਹਿ ਦਿੱਤਾ ਕਿ ਇਹ "ਰੱਬ"ਨਹੀਂ ਹੋ ਸਕਦਾ। ਪਰ ਮਨੁੱਖ ਇਸ ਦੀ ਖੋਜ ਵਿਚ ਲੱਗਿਆ ਰਿਹਾ ਅਤੇ ਹੋਲੀ ਹੋਲੀ ਇਸ ਥਾਂ ਅਪੜਿਆ ਪਈ "ਉਹ ਇਕ ਹੈ" ਅਤੇ ਉਹਨੇ ਹੀ ਸਾਰੀ ਸ੍ਰਿਸ਼ਟੀ ਉਪਜੀ ਏ।

ਜੱਗ ਦਾ ਨਵਾਂ ਧਰਮ "ਸਿੱਖ" ਏ ਇਸ ਦੇ ਬਾਨੀ ਸਾਹਿਬ ਸਿਰੀ ਗੁਰੂਨਾਨਕ ਸਾਹਿਬ ਜੀ ਮਹਾਰਾਜ ਹੁਣ। ਇਸ ਧਰਮ ਦੀ ਮੁੱਢਲੀ ਬਾਣੀ (ਕਲਾਮ) ਜਿਹਦੇ ਉੱਤੇ ਇਸ ਪੂਰੇ ਧਰਮ ਦੀ ਉਠਾਂ ਏ। ਉਹ ਇਸ ਪ੍ਰਕਾਰ ਹੈ।

ਇਕ ਉਂਕਾਰ: ਰੱਬ ਇਕ ਏ (ਉਹ ਵਾਹਿਗੁਰੂ, ਪ੍ਰਮਾਤਮਾ ਕੇਵਲ ਇਕ ਹੀ ਏ)

| | |
|---|---|
| ਸਤ ਨਾਮ: | ਉਹਦਾ ਨਾਮ ਸੱਚਾ ਏ |
| ਕਰਤਾ ਪੁਰਖ: | ਉਸ ਇਸ ਜੁੱਗ ਦਾ ਪੈਦਾ ਕਰਨ ਵਾਲਾ ਏ (ਕਾਇਨਾਤ ਦਾ ਤਖ਼ਲੀਕ ਕਾਰਨ) |
| ਨਿਰਭੋ: | ਉੱਸ ਨੂੰ ਕਿਸੇ ਦਾ ਭੂ (ਡਰ) ਨਹੀਂ ਏ। (ਉਹ ਨਾ ਡਰ ਏ) ਉਹ ਕਿਸੇ ਤੋਂ ਨਹੀਂ ਡਰਦਾ। |
| ਨਿਰਵੈਰ: | ਇਸ ਦਾ ਕੋਈ ਵੈਰੀ ਨਹੀਂ (ਉਹ ਕਿਸੇ ਨਾਲ ਦੁਸ਼ਮਣੀ ਨਹੀਂ ਰੱਖਦਾ) |
| ਅਕਾਲ ਮੂਰਤ: | ਉਹ ਅਕਾਲ ਯਾਨੀ ਅਜ਼ਲ ਤੋਂ ਵਜੂਦ ਰੱਖਦਾ ਏ। |
| ਅਜੂਨੀ ਸੀਏ ਭਿਨਗ: | ਉਹ ਕਦੀ ਵੀ ਮੌਤ ਦੇ ਮੂੰਹ ਵਿਚ ਨਹੀਂ ਜਾਵੇ ਗਾ( ਉਸਨੂੰ ਮੌਤ ਨਹੀਂ ਆਵੇਗੀ) |
| ਗੁਰ ਪ੍ਰਸ਼ਾਦ: | ਉਹ ਸਾਰੇ ਹਾਕਮਾਂ ਤੋਂ ਵੱਡਾ ਹਾਕਮ ਏ। (ਉਹ ਸਾਰਿਆਂ ਦਾ ਵੱਡ ਵਡੇਰਾ ਏ) |

ਲਗ ਭਗ ਇਹ ਉਹ ਮੁੱਢਲੀ ਸਾਂਝੀਵਾਲਤਾ ਏ। ਜਿਹੜੀ ਦੋ ਧਰਮਾਂ (ਸਿੱਖ ਅਤੇ ਮੁਸਲਿਮ) ਦੇ ਮੰਨਣ ਵਾਲਿਆਂ ਵਿਚਕਾਰ ਪੁਲ ਦਾ ਕਿਰਦਾਰ ਨਭਾਨਦੀ ਏ। ਯਾਂ ਫਿਰ ਇੰਜ ਕਹਿਆ ਜਾ ਸਕਦਾ ਏ ਕਿ "ਇਕ ਉਂਕਾਰ" ਤੋਹੀਦ ਦੀ ਉਹ ਪੋੜੀ ਏ ਜਿਹਦੇ ਉੱਤੇ ਦੋਵੇਂ ਧਰਮ ਮੋਢੇ ਨਾਲ ਮੋਢਾ ਜੋੜ ਕੇ ਖਲੋਤੇ ਹੁਣ।

ਸੂਫ਼ੀਆਂ, ਭਗਤੀਆਂ, ਗੁਰੂਆਂ, ਪੀਰਾਂ ਅਤੇ ਦਰਵੇਸ਼ਾਂ ਦੀ ਵਿਚਾਰ ਧਾਰਾ ਅਜਿਹੀ ਸਾਂਝੀਵਾਲਤਾ ਏ ਜਿਹੜੀ ਕਿਸੇ ਨਾ ਕਿਸੇ ਥਾਂ ਉੱਤੇ ਇੱਕ ਦੂਜੇ ਨਾਲ ਇਕ ਮਿਕ ਹੋ ਜਾਂਦੀ ਏ।

ਸਾਹਿਬ ਸਿਰੀ ਗੁਰੂ ਨਾਨਕ ਜੀ ਮਹਾਰਾਜ ਦਾ ਪ੍ਰਕਾਸ਼ 15 ਸਦੀ ਵਿਚ ਹੋਇਆ ਅਤੇ ਉਨ੍ਹਾਂ 16 ਸਦੀ ਤੱਕ ਰੱਬੀ ਬਾਣੀ ਰਾਹੀਂ ਇਸ ਜੁੱਗ ਨੂੰ ਉਪਦੇਸ਼ ਦਿੱਤਾ। ਜਦ ਕਿ ਪੰਜਾਬੀ ਜ਼ਬਾਨ ਵ ਅਦਬ ਦੇ ਮਹਾਨ ਕਵੀ ਹਜ਼ਰਤ ਸੁਲਤਾਨ ਬਾਹੋ ਰਹਿ. ਦਾ ਵੇਲਾ ਸਤਾਰ੍ਹਵੇਂ ਸਦੀ ਵੇ। ਉਹ ਮੁਸਲਿਮ ਘਰਾਣੇ ਵਿਚ ਜਮੈ, ਉਨ੍ਹਾਂ ਦੀ ਸਿੱਖਿਆ ਉਨ੍ਹਾਂ ਅੰਦਰ ਵਹਦਤ ਭਾਉ ਤੋਹੀਦ ( ਇੱਕ ਰੱਬ ਨੂੰ ਮੰਨਣਾ) ਦਾ ਬੀ ਜਮਨੋਂ ਪਹਿਲੋਂ ਹੀ ਪ੍ਰਵੇਸ਼ ਕਰ ਚੁੱਕਿਆ ਸੀ।

ਸਾਹਿਬ ਸਿਰੀ ਗੁਰੂ ਨਾਨਕ ਜੀ ਅਤੇ ਹਜ਼ਰਤ ਸੁਲਤਾਨ ਬਾਹੂ ਹੋਰਾਂ ਦੀ ਸਾਂਝੀਵਾਲਤਾ ਵਿੱਚੋਂ ਬੇ ਅੰਤ ਸਾਂਝ ਕੱਢੀ ਜਾ ਸਕਦੀ ਏ। ਆਓ ਇਸ ਅੰਦਰ ਵਸੇ ਕੁੱਝ ਸਾਂਝੀਵਾਲਤਾ ਉੱਤੇ ਉਡਵੇਂ ਝਾਤ ਪਾਉਂਦੇ ਹਾਂ।

ਸਾਹਿਬ ਸਿਰੀ ਗੁਰੂ ਨਾਨਕ ਜੀ ਦੀ ਬਾਣੀ ਅਤੇ ਹਜ਼ਰਤ ਸੁਲਤਾਨ ਬਾਹੋ ਰਹਿ. ਕਲਾਮ ਧੀਮੇ ਲਹਿਜੇ ਦਾ ਏ। ਪਰ ਇਹ ਸੂਫ਼ੀਆਨਾ ਬਗ਼ਾਵਤ ਦੀ ਅੱਗ ਨਾਲ ਪੁਰਚੀ ਹੋਈ ਏ। ਵਹਦਤ ਅਲਵਜੂਦ ਦੀ ਵਿਚਾਰਾਂ ਉਪੱਰ ਉਸਰੀ ਹੋਈ ਇਨਸਾਨ ਦੋਸਤੀ ਤੇ ਨਾਮ ਨਿਹਾਦ ਆਲਮਾਂ ਅਤੇ ਸੰਸਾਰਕ ਮਸਲਿਆਂ ਤੇ ਭਰਵੀਂ ਤਨਕੀਦ ਦਾ ਕਲਾਮ ਏ। ਕੁੱਝ ਥਾਵਾਂ ਤੇ ਉਨ੍ਹਾਂ ਵੇਲੇ ਦੇ ਹੁਕਮਰਾਨਾਂ ਦੇ ਜ਼ਮਾਨੇ ਨੂੰ ਵੀ ਤਨਕੀਦ ਦਾ ਨਿਸ਼ਾਨਾ ਬਣਾਇਆ ਏ। ਉਹ ਆਲਮਾਂ ਦੀ ਉਹਦਾ ਪ੍ਰਸਤੀ, ਦੁਨੀਆ ਦੀ ਚਾਹਤ, ਮਜ਼ਬੀ ਤੰਗ ਨਜ਼ਰੀ ਤੇ ਜਹਾਲਤ ਉੱਤੇ ਭਰਵੀਂ ਤਨਕੀਦ ਕਰ ਰਹੇ ਹੁਣ।

ਹਜ਼ਰਤ ਸੁਲਤਾਨ ਬਾਹੋ ਰਹਿ. ਦਾ ਫ਼ਰਮਾਨ ਏ:
(ਨਾਮ ਨਿਹਾਦ ਆਲਮਾਂ ਬਾਰੇ)
ਆਪ ਨਾ ਤਾਲਿਬ ਹਨ ਕਹੀਂ ਦੇ ਲੋਕਾਂ ਨੂੰ ਤਾਲਿਬ ਕਰਦੇ ਹੋ
ਜਾਵਣ ਖੀਪਾਂ ਕਰਦੇ ਸੀਪਾਂ ਅੱਲਾਹ ਦੇ ਕਹਿਰ ਤੋਂ ਨਾ ਡਰਦੇ ਹੋ
ਇਸ਼ਕ ਮਜਾਜ਼ੀ ਤਿਲਕਣ ਬਾਜ਼ੀ ਪੈਰ ਅੱਵਲੇ ਧਰਦੇ ਹੋ
ਉਹ ਸ਼ਰਮਿੰਦਾ ਹੋ ਸਨ ਬਾਹੂ, ਅੰਦਰ ਰੋਜ਼ ਹਸ਼ਰ ਦੇ ਹੋ

ਕੁੱਝ ਅਜਿਹਾ ਅੰਦਾਜ਼ ਸਿਰੀ ਗੁਰੂ ਨਾਨਕ ਜੀ ਹੋਰਾਂ ਵੀ ਅਪਣਾਇਆ ਏ ਆਪ ਜੀਆਂ ਦਾ ਫ਼ਰਮਾਨ ਏ:
ਅੰਧਾ ਅਗੋਜੇ ਥੀਏ ਕਿਵ ਪਾ ਧਿਰ ਜਾਣੇ
ਆਪ ਸੇ ਮਤ ਹੋ ਛੀਏ ਕਿਉਂ ਰਾਹ ਪਛਾਣੇ
ਕਿਉਂ ਰਾਹ ਜਾਣੇ ਮੂਲ ਪਾਵਏ ਅੰਧ ਕੀ ਮਿੰਨਤ ਅਨਧਲੀ
ਬਣ ਨਾਮ ਹਰ ਕੇ ਕਛ ਨਾ ਸੁੱਝੇ ਅੰਧ ਬੋਡ ਵ ਧੁੰਦਲੀ

ਰਹਿਨੁਮਾ ਜੇ ਕਰ ਅੰਨ੍ਹਾ ਹੋਵੇ ਗਾ ਤੇ ਦੂਜਿਆਂ ਨੂੰ ਕੀ ਰਾਹ ਵਿਖਾਵੇ ਗਾ। ਕੰਮ ਅਕਲੀ ਜਿਹੜਾ ਆਪੇ ਰਾਹ ਲੱਭਦਾ ਏ ਉਹਨੇ ਮੰਜ਼ਿਲ ਤੇ ਕਿਵੇਂ ਅਪੜਨਾ ਏ। ਜ਼ਾਹਰ ਏ ਅੰਨ੍ਹਾ ਤੇ ਹਨੇਰਾ ਈ ਖਿਲਾਰੇ ਗਾ ਤੇ ਉਹ ਦੁਨੀਆ ਦੇ ਮਸਲਿਆਂ ਵਿਚ ਫਸਿਆ ਰਹਿੰਦਾ ਏ।

ਹਜ਼ਰਤ ਸੁਲਤਾਨ ਬਾਹੋ ਰਹਿ. ਅਤੇ ਗੁਰੂ ਨਾਨਕ ਜੀ ਦੇ ਨਜ਼ਦੀਕ ਆਲਮਾਂ ਦੀ ਮੁਖ਼ਾਲਫ਼ਤ ਦਾ ਮਤਲਬ ਇਲਮ ਨੂੰ ਨਾਪਸੰਦ ਕਰਨਾ ਨਹੀਂ। ਸਗੋਂ ਇਲਮ ਵਾਲਿਆਂ ਦੀ ਮੁਖ਼ਾਲਫ਼ਤ ਅਸਲ ਵਿਚ ਉਨ੍ਹਾਂ ਦੇ ਦੋਗ਼ਲੇ ਪੇ ਕਾਰਨ ਏ।

ਆਪ ਦੋਹਾਂ ਦੇ ਨੇੜੇ ਖ਼ੁਦਾ ਦੀ ਤਲਾਸ਼ ਇਲਮ ਤੋਂ ਬਗ਼ੈਰ ਨਾਮੁਮਕਿਨ ਏ। ਜਾਹਲ ਆਪਣੇ ਨਫ਼ਸ ਦਾ ਗ਼ੁਲਾਮ ਹੁੰਦਾ ਏ। ਇਸ ਲਈ ਉਹ ਆਪਣੀਆਂ ਦੁਨੀਆ ਦੀ ਖ਼ਵਾਹਿਸ਼ਾਂ ਤੋਂ ਉੱਚਾ ਹੋ ਕੇ ਹੱਕ ਤਲਾਸ਼ਣ ਦੇ ਧਿਆਨ ਨਹੀਂ ਕਰ ਸਕਦਾ। ਇਲਮ ਦੇਣ ਤੇ ਦੁਨੀਆ ਦੋਹਾਂ ਵਿੱਚ ਨਿਜਾਤ ਲਈ ਲੋੜੀਂਦਾ ਏ ਇੰਜ ਸਮਝੋ ਇਲਮ ਦੀ ਅਹਿਮੀਅਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪਰ ਅਮਲ ਦੇ ਬਗ਼ੈਰ ਇਲਮ ਪਾਗਲ ਪੇ ਬਣ ਜਾਂਦਾ ਏ। ਇਲਮ ਤੇ ਆਲਮ ਦੋਵੇਂ ਇਕ ਦੂਜੇ ਦੀ ਤਕਮੀਲ ਕਰਦੇ ਨੇਂ ਤੇ ਇਕ ਦੂਜੇ ਤੋਂ ਬਗ਼ੈਰ ਬੇ ਮਾਅਨੀ ਨੇਂ।

ਹਜ਼ਰਤ ਸੁਲਤਾਨ ਬਾਹੂ ਫ਼ਰਮਾਂਦੇ ਨੇਂ:
ਤਸਬੀਹ ਫਰੀ ਤੇ ਦਿਲ ਨਾ ਫਿਰਿਆ, ਕੀ ਲੈਣਾ ਤਸਬੀਹ ਫੜ ਕੇ ਹੋ

ਇਲਮ ਪੜ੍ਹਿਆ ਤੇ ਅਦਬ ਨਾ ਸਿੱਖਿਆ, ਕੀ ਲੈਣਾ ਇਲਮ ਨੂੰ ਪੜ੍ਹ ਕੇ ਹੋ
ਚਿਲੇ ਕੱਟੇ ਤੇ ਕੁੱਝ ਨਾ ਖੱਟਿਆ, ਕੀ ਲੈਣਾ ਚਿਲੀਆਂ ਵੜ ਕੇ ਹੋ
ਜਾਗ ਬਿਨਾ ਦੁੱਧ ਜੰਮਦੇ ਨਾਹੀਂ ਬਾਹੂ, ਭਾਵੇਂ ਲਾਲ ਹੋਵਣ ਕੜ੍ਹਾਹ ਕੜ੍ਹਾਹ ਕੇ ਹੋ

ਤੇ ਇਸ ਬਾਰੇ ਗੁਰੂ ਨਾਨਕ ਦਾ ਫ਼ਰਮਾਨ ਏ:
ਗਿਆਨ ਵੀਹੋਣੜਾ ਗਾਵੈ ਗੀਤ
ਭੁੱਖੇ ਮੁੱਲਾਂ ਘਰੇ ਮਸੀਤ
ਮਖੱਟੂ ਹੋਏ ਕਹੀਏ ਕੰਨ ਪੜਾਏ
ਫ਼ਖ਼ਰ ਕਰੇ ਹੋਰ ਜਾਤ ਗਵਾਏ

(ਤਰਜਮਾ) ਇਲਮ ਜਾਨਣ ਤੋਂ ਬਣ ਗੀਤ ਤੇ ਨਾਅਤ ਗਾਂਦਾ ਰਹਿੰਦਾ ਏ। ਪੈਸੇ ਲਈ ਭੁੱਖੇ ਮੁੱਲਾਂ ਨੇ ਰੱਬ ਦੇ ਘੱਰ ਨੂੰ ਅਪਣਾ ਘੱਰ ਬਣਾ ਲਿਆ। ਨਿਖੱਟੂ ਲੋਕਾਂ ਨੇ ਕੰਨ ਪੜਵਾ ਵਾਲਿਆਂ ਪਾਈਆਂ ਹੋਈਆਂ ਨੇਂ ਤੇ ਆਪਣੇ ਆਪ ਤੇ ਮਾਣ ਕਰਦੇ ਨੇਂ ਕਿ ਉਹ ਜੋਗੀ ਨੇਂ ਅਤੇ ਉਨ੍ਹਾਂ ਇਲਮ ਲਈ ਅਪਣੀ ਜਾਤ ਗਵਾਈ ਏ। ਪਰ ਇਹ ਸੱਭ ਝੂਠ ਏ।

ਵਾਹਦਾਨੀਤ ਬਾਰੇ ਹਜ਼ਰਤ ਸੁਲਤਾਨ ਬਾਹੂ ਦਾ ਫ਼ਰਮਾਨ ਏ:
ਜੋ ਦੱਮ ਗ਼ਾਫ਼ਲ ਸੋ ਦੱਮ ਕਾਫ਼ਰ ਸਾਨੂੰ ਮੁਰਸ਼ਦ ਇਹ ਪੜ੍ਹਾਇਆ ਹੋ
ਸੁਣਿਆ ਸੁਖ਼ਨ ਗੀਤਾਂ ਭੁਲ ਅੱਖੀਂ, ਅਸਾਂ ਚਿੱਤ ਮੂਲਾ ਵੱਲ ਲਾਇਆ ਹੋ
ਕੀਤੀ ਜਾਂ ਹਵਾਲੇ ਰੱਬ ਦੇ, ਅਸਾਂ ਐਸਾ ਇਸ਼ਕ ਕਮਾਇਆ ਹੋ
ਮਰਨ ਥੀਂ ਅੱਗੇ ਮਰ ਗਏ ਬਾਹੂ ਤਾਂ ਮਤਲਬ ਨੂੰ ਪਾਇਆ ਹੋ

ਸਿਰੀ ਗੁਰੂ ਨਾਨਕ ਦੇਵ ਜੀ ਦਕਲਾਮ ਵਿਚ ਥਾਂ ਥਾਂ ਸਾਨੂੰ ਵਾਹਦਾਨੀਤ ਦੇ ਪ੍ਰਚਾਰ ਦਾ ਦਰਸ ਮਿਲਦਾ ਏ। ਇਸ ਬਾਣੀ ਵਿਚ ਜਿਹੜੀ ਹੂ ਬਹੂ ਪਹਿਲਾਂ ਦੱਸੇ ਹੋਏ ਕਲਾਮ ਨਾਲ ਮਿਲਦੀ ਏ।

ਆਪ ਜੀਆਂ ਦਾ ਫ਼ਰਮਾਨ ਏ:
ਕੁਫ਼ਰ ਗੋਸਟੇ ਕੁਫ਼ਰ ਇੰਟਰ ਪੰਤਿਆ ਦਝਸੀ
ਰਾਹ ਦੋਓਏ ਇਕ ਜਾਨੜ ਸੋਈ ਸਮਝਸੀ
ਸੱਭ ਦੁਨੀਆ ਸੁਜਾਨ ਸੱਚ ਸਮਾਈਏ
ਸਮਝੇ ਦਰ ਦਿਵਾਨ ਆਪ ਗਵਾਈਏ

(ਤਰਜਮਾ) ਅਬ ਤੱਕ ਪਹੁੰਚਣ ਦੇ ਦੋਵੇਂ ਰਾਸਤੇ ਨੂੰ ਇਕ ਹੀ ਸਮਝਣ ਵਾਲਾ ਨਿਜਾਤ ਹਾਸਲ ਕਰ ਲੈਂਦਾ ਏ। ਇਸ ਹਕੀਕਤ ਤੋਂ ਇਨਕਾਰ ਕਰਨ ਵਾਲਾ ਕੁਫ਼ਰ ਬੋਲਦਾ ਏ ਅਤੇ ਉਹ ਖ਼ਾਕ ਹੋ ਜਾਵੇ ਗਾ ਤੇ ਦੋਜ਼ਖ਼ ਵਿਚ ਪਾ ਦਿੱਤਾ ਜਾਵੇ ਗਾ। ਇਹ ਦੁਨੀਆ ਮੁਕੱਦਸ ਏ ਇਸ ਵਿਚ ਰਹਿੰਦੇ ਹੋਏ ਰੱਬ ਵਿਚ ਸਮਾਇਆ ਜਾ ਸਕਦਾ ਏ। ਅਪਣਾ ਆਪ ਗੁਆ ਕੇ ਇਨਸਾਨ ਰੱਬ ਤਾਅਲਾ ਦੀ ਬਾਰਗਾਹ ਵਿਚ ਪਹੁੰਚ ਸਕਦਾ ਏ।

ਆਪਣੇ ਇਕ ਬੰਦ ਵਿਚ ਸੁਲਤਾਨ ਬਾਹੂ ਦੁਨੀਆ ਦਾਰ ਆਲਮ ਤੇ ਫ਼ਕੀਰ ਦਾ ਨਿਖੇੜਾ ਇੰਜ ਕਰਦੇ ਨੇਂ:
ਅੱਲਾਹ ਪੜ੍ਹੀਉਂ ਹਾਫ਼ਿਜ਼ ਹੋਵਿਉਂ ਨਾ ਗਿਆ ਹਜਾਬੋਂ ਪਰਦਾ ਹੋ
ਪੜ੍ਹ ਪੜ੍ਹ ਆਲਮ ਫ਼ਾਜ਼ਲ ਹੋਵਿਉਂ ਤਾਲਿਬ ਹੋਵਿਉਂ ਜ਼ਰ ਦਾ ਹੋ
ਸੇ ਹਜ਼ਾਰ ਕਿਤਾਬਾਂ ਪੜ੍ਹੀਆਂ ਜ਼ਾਲਮ ਨਫ਼ਸ ਨਾ ਮਰਦਾ ਹੋ
ਬਾਝ ਫ਼ਕੀਰਾਂ ਕਿਸੇ ਨਾ ਮਾਰਿਆ ਬਾਹੂ, ਇਹ ਜ਼ਾਲਮ ਚੋਰ ਅੰਦਰ ਦਾ ਹੋ

ਅਪਣੀ ਬਾਣੀ ਵਿੱਚ ਗੁਰੂ ਜੀ ਫ਼ਕੀਰੀ ਨੂੰ ਇੰਜ ਬਿਆਨ ਕਰਦੇ ਹੁਣ:
ਪੜ੍ਹ ਪੜ੍ਹ ਗੱਡੀ ਲਾਈਏ
ਪੜ੍ਹ ਪੜ੍ਹ ਭਰੀਏ ਸਾਥ
ਪੜ੍ਹੀਏ ਜੇ ਤੇ ਬਰਸ ਬਰਸ

ਪੜ੍ਹੀਏ ਜੇ ਤੇ ਸਾਸ
ਨਾਨਕ ਲਿਖੇ ਇਕ ਗੱਲ
ਹੋਰ ਹਾਉਮੈ ਚੱਖਣਾ ਚਾਖ

ਉੱਤੇ ਦਿੱਤੇ ਗਏ ਜਾਇਜ਼ੀਆਂ ਤੋਂ ਇਹ ਗੱਲ ਸਾਬਤ ਹੋ ਜਾਂਦੀ ਏ ਕਿ ਦੋਨੋਂ ਈ ਸ਼ਖ਼ਸੀਆਤ ਆਪਣੇ ਕਲਾਮ ਤੇ ਪੈਗ਼ਾਮ ਵਿਚ ਇਕ ਜਿਹੀ ਸੋਚ ਦੇ ਮਾਲਿਕ ਨੇਂ ਦੋਵਾਂ ਦੇ ਨਜ਼ਦੀਕ ਦੁਨੀਆ ਦਾਰੀ ਬੁਰੀ ਤੇ ਹੱਕ ਸ਼ਨਾਸੀ ਚੰਗੀ ਗੱਲ ਏ ਦੋਵਾਂ ਦੇ ਨਜ਼ਦੀਕ ਅਖ਼ਲਾਸ ਤੇ ਨੇਕ ਨੀਤੀ ਗ਼ਰਜ਼ ਤੇ ਮਤਲਬ ਪ੍ਰਸਤੀ ਤੋਂ ਵੱਧ ਦਰਜਾ ਰੱਖਦੀ ਏ। ਦੋਵੇਂ ਈ ਲੋਭੀ ਤੇ ਮਤਲਬ ਪ੍ਰਸਤ ਨੂੰ ਬੁਰਾ ਆਖਦੇ ਨੇਂ ਤੇ ਦੋਵੇਂ ਈ ਆਖ਼ਰਤ ਵਿਚ ਨਿਜਾਤ ਦਾ ਮਿਆਰ ਸਿਰਫ਼ ਔਰ ਸਿਰਫ਼ ਅੱਲਾਹ ਦੀ ਯਾਦ ਨੂੰ ਕਰਾਰ ਦਿੰਦੇ ਨੇਂ।

ਜੇ ਦੋਵਾਂ ਬਜ਼ੁਰਗਾਂ ਦੇ ਕਲਾਮ ਵਿਚ ਹੋਰ ਗ਼ੌਰ ਵ ਫ਼ਿਕਰ ਤੇ ਤਹਿਕੀਕ ਜਾਰੀ ਰੱਖੀ ਜਾਵੇ ਤਾਂ ਸਾਨੂੰ ਇਸ ਨਤੀਜੇ ਤੇ ਪਹੁੰਚਣ ਵਿਚ ਹਰ ਗਜ਼ ਕੋਈ ਮੁਸ਼ਕਿਲ ਨਹੀਂ ਹੋਵੇਗੀ  ਕਿ ਸੂਫ਼ੀ ਤੇ ਦਰਵੇਸ਼ ਅਪਣੀ ਪਸੰਦ ਨਾ ਪਸੰਦ ਅਮਲ ਤੇ ਰਹਿਣ ਸਹਿਣ ਵਿੱਚ ਮੁਸ਼ਤਰਕ ਹੁੰਦੇ ਨੇਂ ਤੇ ਇਨ੍ਹਾਂ ਦੇ ਇਸ ਇਕੇ ਪੰ ਵਿਚ ਨਾ ਦੇਣ ਰੁਕਾਵਟ ਬੰਦਾ ਏ ਨਾ ਜ਼ਮਾਨਾ, ਨਾ ਰੰਗ ਨਸਲ ਰਾਹ ਦਾ ਰੋੜਾ ਬਣਦੀ ਏ ਤੇ ਨਾਂ ਈ ਇਲਾਕੇ। ਦੂਜਿਆਂ ਮਾਅਨਿਆਂ ਵਿਚ ਤਸੱਵੁਫ਼, ਨਸਲਾਂ, ਇਲਾਕਿਆਂ, ਇਲਮਾਂ ਤੇ ਅਕੀਦਿਆਂ ਦੀਆਂ ਹੱਦ ਬੰਦਿਆਂ ਤੋਂ ਆਜ਼ਾਦ ਹੁੰਦਾ ਏ।

## ਕਤਾਬੀਆਤ


1 "ਇਨਸਾਨ ਦੋਸਤੀ ਤੇ ਪੰਜਾਬੀ ਸ਼ਾਇਰੀ" ਡਾਕਟਰ ਅਮਜਦ ਅਲੀ ਭੱਟੀ।
2 "ਸਿਰੀ ਗੁਰੂ ਭਗਤ ਮਾਲਾ,' ਗਿਆਨੀ ਨਾਰਾਇਣ ਸਿੰਘ
3 "ਗੁਰੂ ਨਾਨਕ: ਜੀਵਨ, ਦਰਸ਼ਨ ਅਤੇ ਕਾਵ ਕਲਾ" ਸੁਰਿੰਦਰ ਸਿੰਘ ਕੋਹਲੀ